



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸ਼ੁੱਕਰਵਾਰ 17 ਅਪ੍ਰੈਲ 2026, ਨਾਨਕਸ਼ਾਹੀ 4 ਵੈਸਾਖ, ਸੰਮਤ 558 | ਸਾਲ: 4, ਅੰਕ 1 , ਪੰਨੇ: 4, ਮੁੱਲ: 4 ਰੁਪਏ


## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੰਗਲੈਂਡ ਤੋਂ ਪੁੱਜੇ ਪਰਿਵਾਰ ਦਾ ਗੁੰਮ ਹੋਇਆ ਕੀਮਤੀ ਬੈਗ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਲੱਭ ਕੇ ਕੀਤਾ ਵਾਪਸ

ਫਤਿਹ ਟਾਈਮਜ਼

### ਬੈਗ 'ਚ 20 ਲੱਖ ਕੀਮਤ ਦੇ ਪੌਂਡ ਅਤੇ ਵਿਦੇਸ਼ੀ ਪਾਸਪੋਰਟ ਸਨ ਮੌਜੂਦ



ਅੰਮ੍ਰਿਤਸਰ, 16 ਅਪ੍ਰੈਲ (ਫ.ਟ.ਬ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਇੰਗਲੈਂਡ ਨਿਵਾਸੀ ਪਰਿਵਾਰ ਦਾ ਗੁੰਮ ਹੋਇਆ ਬੈਗ ਜਿਸ ਵਿਚ ਪਾਸਪੋਰਟ ਅਤੇ ਕਰੀਬ 20 ਲੱਖ ਰੁਪਏ ਦੀ ਕੀਮਤ ਦੇ ਪੌਂਡ ਸਨ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਲੱਭ ਕੇ ਪਰਿਵਾਰ ਨੂੰ ਸੌਂਪੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਮਾਨਦਾਰੀ ਤੇ ਸਮਰਪਨ ਭਾਵ ਨਾਲ ਡਿਊਟੀ ਕਰਨ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਇਨ੍ਹਾਂ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸੰਗਤ ਨਤਮਸਤਕ ਹੋਣ ਪੁੱਜਦੀ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਤਾਇਨਾਤ ਸਟਾਫ਼ ਹਮੇਸ਼ਾ ਸੰਗਤ ਦੀ ਸਹੂਲਤ ਲਈ ਯਤਨਸ਼ੀਲ ਰਹਿੰਦਾ ਹੈ। ਸਟਾਫ਼ ਵੱਲੋਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਕਿਸੇ ਵੀ ਸ਼ਰਧਾਲੂ ਦੇ ਕੀਮਤੀ ਸਮਾਨ ਨੂੰ ਨੁਕਸਾਨ ਨਾ ਪੁੱਜੇ। ਡਿਊਟੀ 'ਤੇ ਤਾਇਨਾਤ ਸਟਾਫ਼ ਵੱਲੋਂ ਕਈ ਵਾਰ ਸੰਗਤਾਂ ਦਾ ਗੁੰਮ ਹੋਇਆ ਸਮਾਨ ਲੱਭ ਕੇ ਉਨ੍ਹਾਂ ਦੇ ਹਵਾਲੇ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਬੀਤੀ ਰਾਤ ਇੰਗਲੈਂਡ ਦਾ ਇਕ ਪਰਿਵਾਰ ਦਰਸ਼ਨਾਂ ਲਈ ਆਇਆ ਸੀ, ਜਿਨ੍ਹਾਂ ਦਾ ਗੁੰਮ ਹੋਇਆ ਬੈਗ ਜਿਸ ਵਿਚ ਕਰੀਬ 20 ਲੱਖ ਦੀ ਕੀਮਤ ਦੇ ਪੌਂਡ ਅਤੇ ਪਾਸਪੋਰਟ ਸਨ, ਇਹ ਮਾਮਲਾ ਧਿਆਨ ਵਿਚ ਆਉਣ 'ਤੇ ਗੁੰਮ ਹੋਇਆ ਸਮਾਨ ਲੱਭ ਕੇ ਸ਼ਰਧਾਲੂ ਪਰਿਵਾਰ ਨੂੰ ਸੌਂਪਿਆ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੁਲਾਜ਼ਮਾਂ ਵੱਲੋਂ ਇਮਾਨਦਾਰੀ ਨਾਲ ਨਿਭਾਈ ਡਿਊਟੀ ਲਈ ਉਨ੍ਹਾਂ ਦੀ ਸਹਾਰਨਾ ਕੀਤੀ ਅਤੇ ਇਸੇ ਤਰ੍ਹਾਂ ਗੁਰੂ ਸਾਹਿਬ ਦੀ ਭੈ-ਭਾਵਨੀ ਵਿਚ ਡਿਊਟੀ ਕਰਨ ਦੀ ਪ੍ਰੇਰਣਾ ਵੀ ਕੀਤੀ। ਇਸੇ ਦੌਰਾਨ ਇੰਗਲੈਂਡ ਨਿਵਾਸੀ ਸ. ਸੋਢੀ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਸਟਾਫ਼ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ (ਬਾਕੀ ਸਫਾ 2 ਤੇ)

## ਪ੍ਰਸ਼ਾਸ਼ਨ ਵਲੋਂ ਮੋਡੀਫਾਈ ਕੀਤੇ ਸਾਧਨਾਂ ਦੇ ਚਲਾਣ ਕਰਨਾ ਸ਼ਲਾਘਯੋਗ।।

### ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼

ਖਾਲਸਾ ਸਾਜਨਾ ਦਿਵਸ ਜੋ ਕੇ ਖਾਲਸਾ ਪੰਥ ਦੀ ਨਿਆਰੀ ਸ਼ਖ਼ਸੀਅਤ ਦੀ ਸਥਾਪਨਾ ਦਾ ਦਿਹਾੜਾ ਹੈ ਤੇ ਇਸ ਦਿਹਾੜੇ ਮੌਕੇ ਨਿਮਾਣੇ ਤੇ ਸ਼ਰਧਾ ਭਾਵਨਾ ਨਾਲ ਆਏ ਗੁਰੂ ਦੇ ਸਿੱਖ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ । ਪਰ ਟਰੈਕਟਰਾਂ ਤੇ ਵੱਡੇ ਸਲੰਸਰ ਲਗਾ ਕੇ , ਟਰੈਕਟਰਾਂ ਤੇ ਉੱਚੀ ਆਵਾਜ਼ ਵਿਚ ਡੀ ਜੀ ਲਗਾ ਕੇ ਹੁਲੜਬਾਜੀ ਕਰਨ ਵਾਲਿਆਂ ਫੁੱਕਰਿਆਂ ਨੂੰ ਗੁਰੂ ਸਾਹਿਬ ਦੀਆਂ ਖੁਸ਼ੀਆਂ ਕਦੇ ਨਹੀ ਮਿਲ ਸਕਦੀਆਂ।ਗੁਰੂ ਘਰ ਨਿਮਾਣੇ ਹੋ ਕੇ ਆਉਣਾ ਪੈਂਦਾ ਪਰ ਇਹ ਹੁਲੜਬਾਜ਼ ਸੰਗਤਾਂ ਨੂੰ ਤੰਗ ਪ੍ਰੇਸ਼ਾਨ ਕਰਨ ਆਉਂਦੇ ਹਨ ਕੀ ਇਹਨਾਂ ਹੁਲੜਬਾਜ਼ੀ ਕਰਨ ਵਾਲਿਆ ਦੇ ਮਾਂ ਬਾਪ ਨੂੰ ਦਿਸਦਾ ਨਹੀਂ ਕਿ ਇਹ ਲੋਕ ਪਾਵਨ ਪਵਿੱਤਰ ਤਿਉਹਾਰ ਤੇ ਕੀ ਕਰਨ ਜਾ ਰਹੇ ਹਨ। ਪੁਲਿਸ ਪ੍ਰਸ਼ਾਸਨ ਵਲੋਂ ਮੋਡੀਫਾਈ ਕੀਤੇ ਸਾਧਨਾਂ ਦਾ ਚਲਾਣ ਕਰਨਾ ਤੇ ਬੰਦ ਕਰਨਾ ਸ਼ਲਾਘਾਯੋਗ ਹੈ। ਸ਼ਾਇਦ ਇਹਨਾਂ ਹੁਲੜਬਾਜ਼ਆ ਨੂੰ ਕੋਈ ਅਕਲ ਆਵੇ।

## ਵਿਜੀਲੈਂਸ ਬਿਊਰੋ ਨੇ 6,000 ਰੁਪਏ ਰਿਸ਼ਵਤ ਲੈਂਦਿਆਂ ਮੋਹੀ ਸਕੂਲ ਦਾ ਪ੍ਰਿੰਸੀਪਲ ਰੰਗੇ ਹੱਥੀਂ ਦਬੋਚਿਆ

ਫਤਿਹ ਟਾਈਮਜ਼

### ਸਰਟੀਫਿਕੇਟ ਦੇਣ ਲਈ ਲਏ ਸਨ ਵਿਦਿਆਰਥੀ ਤੋਂ ਪੈਸੇ

ਮੁੱਲਾਂਪੁਰ ਦਾਖਾ, 16 ਅਪ੍ਰੈਲ (ਦਵਿੰਦਰ ਸਿੰਘ ਲੰਮੇ) ਵਿਜੀਲੈਂਸ ਬਿਊਰੋ ਨੇ ਕੈਂਪ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਅਜੀਤਸਰ ਮੋਹੀ (ਲੁਧਿਆਣਾ)ਵਿੱਚ ਤੈਨਾਤ ਪ੍ਰਿੰਸੀਪਲ ਗੁਰਮੀਤ ਸਿੰਘ ਨੂੰ 6,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰੀ ਨੇ ਦੱਸਿਆ ਕਿ ਉਕਤ ਕਥਿਤ ਦੋਸ਼ੀ ਨੂੰ ਪਿੰਡ ਮੋਹੀ ਦੇ ਹੀ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਕਾਰਵਾਈ ਕਰਨ ਉਪਰੰਤ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਕੋਵਿਡ ਕਾਲ ਦੌਰਾਨ 10ਵੀਂ ਕਲਾਸ ਪਾਸ ਕੀਤੀ ਸੀ, ਪਰ ਉਸ ਨੂੰ ਅਜੇ ਤੱਕ 10ਵੀਂ ਦਾ ਪਾਸਿੰਗ ਸਰਟੀਫਿਕੇਟ ਪ੍ਰਾਪਤ ਨਹੀਂ ਹੋਇਆ ਸੀ। ਉਸ ਨੇ ਡੁਪਲੀਕੇਟ ਸਰਟੀਫਿਕੇਟ ਲਈ ਵੀ ਆਨਲਾਈਨ ਅਰਜ਼ੀ ਦਿੱਤੀ ਸੀ, ਪਰ ਉਹ ਵੀ ਉਸ ਨੂੰ ਨਹੀਂ ਮਿਲਿਆ। ਇਸ ਤੋਂ ਬਾਅਦ ਉਹ ਆਪਣਾ ਮੈਟ੍ਰਿਕ ਸਰਟੀਫਿਕੇਟ ਲੈਣ ਲਈ ਆਪਣੇ ਸਕੂਲ ਦੇ ਪ੍ਰਿੰਸੀਪਲ ਕੋਲ ਗਿਆ, ਜਿੱਥੇ ਪ੍ਰਿੰਸੀਪਲ ਨੇ ਉਸ ਤੋਂ 15,800 ਰੁਪਏ ਰਿਸ਼ਵਤ ਦੀ ਮੰਗ ਕੀਤੀ ਅਤੇ ਮੌਕੇ 'ਤੇ ਹੀ ਉਸ ਤੋਂ 10,000 ਰੁਪਏ ਰਿਸ਼ਵਤ ਵਜੋਂ ਲੈ ਵੀ ਲਏ। ਜ਼ਿਕਰਯੋਗ ਹੈ ਕਿ ਡੁਪਲੀਕੇਟ ਸਰਟੀਫਿਕੇਟ ਪ੍ਰਾਪਤ ਕਰਨ ਲਈ ਸਰਕਾਰੀ ਫੀਸ 900 ਰੁਪਏ ਅਤੇ ਤਤਕਾਲ ਫੀਸ 2,000 ਰੁਪਏ ਹੈ। ਰਿਸ਼ਵਤ ਦੇਣ ਲਈ ਤਿਆਰ ਨਾ ਹੋਣ 'ਤੇ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਲੁਧਿਆਣਾ ਨਾਲ ਸੰਪਰਕ ਕੀਤਾ। ਸ਼ਿਕਾਇਤ ਦੀ ਪ੍ਰਾਰੰਭਿਕ ਜਾਂਚ ਤੋਂ ਬਾਅਦ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਪ੍ਰਿੰਸੀਪਲ ਨੂੰ 6,000 ਰੁਪਏ ਦੀ ਰਿਸ਼ਵਤ ਲੈਂਦੇ ਸਮੇਂ ਰੰਗੇ ਹੱਥੀਂ ਦਬੋਚ ਲਿਆ।

## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ

ਫਤਿਹ ਟਾਈਮਜ਼




ਸ਼੍ਰੀ ਗੋਇੰਦਵਾਲ ਸਾਹਿਬ, 16 ਅਪ੍ਰੈਲ (ਐਸ ਐਸ ਸੰਧਾ) ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ 13 ਅਪ੍ਰੈਲ, 2026 ਨੂੰ ਵਿਸਾਖੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਵਿੱਚ ਇੱਕ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਵਿਸਾਖੀ ਦੇ ਤਿਉਹਾਰ ਦੇ ਸੰਬੰਧ ਵਿੱਚ ਸੱਭਿਆਚਾਰ ਨੂੰ ਪੇਸ਼ ਕਰਦੀ ਵੰਨਗੀ ਦੀ ਪੇਸ਼ਕਾਰੀ ਕਰਦਿਆਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵਿੱਚ ਨਿੱਕਾ ਗੱਭਰੂ ਅਤੇ ਨਿੱਕੀ ਮੁਟਿਆਰ ਦਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਲੋਕ-ਨਾਚ, ਭੰਗੜੇ ਅਤੇ ਗਿੱਧੇ ਦਾ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਮਨਕੀਰਤ ਕੌਰ ਜਮਾਤ ਪਹਿਲੀ ਨੇ ਨਿੱਕੀ ਮੁਟਿਆਰ ਅਤੇ ਜੰਗਦੀਪ ਸਿੰਘ ਜਮਾਤ ਪਹਿਲੀ ਨੇ ਨਿੱਕਾ ਗੱਭਰੂ ਦਾ ਖਿਤਾਬ ਹਾਸਲ ਕੀਤਾ। ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮੈਡਮ ਮਨੀਸ਼ਾ ਸੂਦ ਨੇ ਸਾਰਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਨਿੱਕਾ ਗੱਭਰੂ ਅਤੇ ਨਿੱਕੀ ਮੁਟਿਆਰ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਅਤੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਉਨ੍ਹਾਂ ਨੂੰ ਹਮੇਸ਼ਾ ਅੱਗੇ ਵੱਧਣ ਅਤੇ ਆਪਣੇ ਸੱਭਿਆਚਾਰ, ਵਿਰਸੇ-ਵਿਰਾਸਤ ਅਤੇ ਇਤਿਹਾਸ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

## ਸੀਨੀਅਰ ਪੱਤਰਕਾਰ ਸ਼ਬੇਗ ਸਿੰਘ ਨੂੰ ਸਦਮਾ ਪਤਨੀ ਦਾ ਦਿਹਾਂਤ



ਫਤਿਹ ਟਾਈਮਜ਼ ਮਖੂ, 16 ਅਪ੍ਰੈਲ (ਫ.ਟ.ਬ) ਅਦਾਰਾ ਫਤਿਹ ਟਾਈਮਜ਼ ਦੇ ਬਿਊਰੋ ਚੀਫ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਸੀਨੀਅਰ ਪੱਤਰਕਾਰ ਸ੍ਰ ਸ਼ਬੇਗ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਤਨੀ ਸਰਦਾਰਨੀ ਕੁਲਵੰਤ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।ਇਸ ਦੁੱਖ ਦੀ ਘੜੀ ਵਿਚ ਵੱਖ ਵੱਖ ਰਾਜਨੀਤਿਕ ਅਤੇ ਧਾਰਮਿਕ ਆਗੂਆਂ,ਅਦਾਰਾ ਫਤਿਹ ਟਾਈਮਜ਼ ਦੇ ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ,ਸ਼ੀਤਲ ਬਾਵਾ,ਪਵਨ ਸ਼ਰਮਾ ਅਤੇ ਇਲਾਕੇ ਦੇ ਪੱਤਰਕਾਰ ਭਾਈਚਾਰੇ ਨੇ ਦੁੱਖ ਸਾਂਝਾ ਕੀਤਾ।

## ਮੁੱਲਾਂਪੁਰ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਗੁਰੂ ਘਰ ਹੋਈਆਂ ਨਤਮਸਤਕ

ਫਤਿਹ ਟਾਈਮਜ਼

### ਭਾਰਤ ਰਤਨ ਡਾਕਟਰ ਬੀ.ਆਰ. ਅੰਬੇਦਕਰ ਨੂੰ ਵੀ ਕੀਤਾ ਯਾਦ






ਮੁੱਲਾਂਪੁਰ ਦਾਖਾ, 16 ਅਪ੍ਰੈਲ (ਦਵਿੰਦਰ ਸਿੰਘ ਲੰਮੇ) ਖਾਲਸਾ ਸਾਜਨਾ ਦਿਵਸ ਮੌਕੇ ਮੁੱਲਾਂਪੁਰ ਦੇ ਗੁਰੂ ਘਰਾਂ ਅੰਦਰ ਵੱਡੀ ਗਿਣਤੀ 'ਚ ਸੰਗਤਾਂ ਨੇ ਮੱਥਾ ਟੇਕਿਆ ਅਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ । ਗੁਰਦੁਆਰਾ ਸ਼ਹੀਦਗੰਜ ਮੁਸ਼ਕਿਆਣਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਹਜੂਰੀ ਰਾਗੀ ਭਾਈ ਜਸਪ੍ਰੀਤ ਸਿੰਘ ਖੁਸ਼ਦਿਲ ਅਤੇ ਭਾਈ ਮੁਹੱਬਤਪ੍ਰੀਤ ਸਿੰਘ ਲੀਲਾਂ ਮੇਘ ਸਿੰਘ ਨੇ ਕੀਰਤਨ ਅਤੇ ਇਤਿਹਾਸ ਬਾਰੇ ਚਾਨਣਾ ਪਾਇਆ । ਮਾਤਾ ਗੁਜਰ ਕੌਰ ਜੀ ਦੇ ਅਸਥਾਨਾਂ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਹਜੂਰੀ ਰਾਗੀ ਭਾਈ ਗਗਨਦੀਪ ਸਿੰਘ ਭੱਟੀਆਂ ਅਤੇ ਭਾਈ ਸਤਨਾਮ ਸਿੰਘ ਮੋਹੀ ਦੇ ਕੀਰਤਨੀ ਜੱਥੇ ਨੇ ਗੁਰ ਸ਼ਬਦਾਂ ਦੀ ਸਾਂਝ ਪਾਈ । ਗੁਰਦੁਆਰਾ ਭਗਤ ਰਵਿਦਾਸ ਜੀ ਵਿਖੇ ਵੀ ਵਿਸਾਖ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਅਤੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਜਿੱਥੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜੱਜ ਸਿੰਘ ਕੋਟਕਪੂਰਾ ਵਾਲਿਆਂ ਦੇ ਰਾਗੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਰਤ ਰਤਨ ਯੁੱਗ ਪੁਰਸ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੀ ਤਸਵੀਰ ਅੱਗੇ ਫੁੱਲ ਮਾਲਾਵਾਂ ਭੇਟ ਕਰਕੇ ਉਹਨਾਂ ਨੂੰ ਯਾਦ ਕੀਤਾ। ਇਸ ਮੌਕੇ ਚੇਅਰਮੈਨ ਬਲੌਰ ਸਿੰਘ , ਮਾਸਟਰ ਬਲਦੇਵ (ਬਾਕੀ ਸਫਾ 2 ਤੇ)


LIC
भारतीय जीवन बीमा निगम
LIFE INSURANCE CORPORATION OF INDIA

ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਸਫਾ 1 ਦੀ ਬਾਕੀ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੰਗਲੈਂਡ ਤੋਂ ਪੁੱਜੇ ਪਰਿਵਾਰ ਦਾ ਗੁੰਮ..

ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ. ਜਸਪਾਲ ਸਿੰਘ ਢੱਡੇ ਆਦਿ ਮੌਜੂਦ ਸਨ।

ਸਫਾ 1 ਦੀ ਬਾਕੀ

## ਰਿਸ਼ੀ ਬਰਦਰਜ਼ ਟੀ20 ਕ੍ਰਿਕਟ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼

ਸਿੰਘ ਅਤੇ ਦਵਿੰਦਰ ਸਿੰਘ ਲੰਮੇ ਨੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਜੀ ਵਧਾਈ ਦਿੰਦਿਆਂ ਇਤਿਹਾਸਿਕ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਇੱਕ ਵਿਲੱਖਣ ਇਤਿਹਾਸ ਰਚਿਆ ਅਤੇ ਨਿਆਰਾ ਪੰਥ ਸਾਜਿਆ ਵੱਖ ਵੱਖ ਜਾਤਾਂ ਨਾਲ ਸੰਬੰਧਿਤ ਪੰਜ ਪਿਆਰੇ ਸਾਜ ਕੇ ਜਾਤ ਪਾਤ ਦਾ ਭੇਦ ਭਾਵ ਹੀ ਖਤਮ ਕਰ ਦਿੱਤਾ ਉੱਥੇ ਹੀ ਡਾਕਟਰ ਅੰਬੇਦਕਰ ਨੇ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਇਸ ਵਿੱਚ ਦੱਬੇ ਕੁਚਲੇ ਲੋਕਾਂ ਦੀ ਭਲਾਈ ਲਈ ਆਪਣੀ ਸਦ ਬੁੱਧੀ ਤੇ ਦੂਰ ਅੰਦੇਸ਼ੀ ਦਾ ਸਬੂਤ ਦਿੰਦਿਆਂ ਉਨ੍ਹਾਂ ਦੀ ਬਿਹਤਰੀ ਲਈ ਕਨੂੰਨ ਵਿੱਚ ਹੀ ਪੱਕੇ ਤੌਰ ਉੱਤੇ ਦਰਜ ਕਰ ਦਿੱਤਾ। ਇਸ ਮੌਕੇ ਸੰਗਤਾਂ ਲਈ ਲੱਡੂ, ਚਾਹ ਅਤੇ ਬਰੈਡ-ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਰਪੰਚ ਇੰਦਰਜੀਤ ਸਿੰਘ ਮਹਿਤੋਂ, ਪ੍ਰਧਾਨ ਦਰਸ਼ਨ ਸਿੰਘ ਪੱਪੂ, ਸੂਬੇਦਾਰ ਸਰੂਪ ਸਿੰਘ, ਮਿਸਤਰੀ ਤੋਤਾ ਸਿੰਘ , ਹਰਚੰਦ ਸਿੰਘ ਚੋਪੜਾ, ਰਾਮ ਕਿਸ਼ਨ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਹਰਦੇਵ ਸਿੰਘ ਪੰਮਾ, ਸਾਬਕਾ ਪੰਚ ਕੁਲਵੰਤ ਸਿੰਘ,ਮਨਜੀਤ ਸਿੰਘ ਮਹਿਤੋਂ, ਮਿਸ਼ਰਾ ਸਿੰਘ ਮਹਿਤੋਂ, ਪੰਚ ਕਰਮਜੀਤ ਸਿੰਘ, ਪੰਚ ਸੁਖਵਿੰਦਰ ਸਿੰਘ ਲੰਮੇ,ਪਰਵਿੰਦਰ ਸਿੰਘ ਪੱਪੀ , ਜਗਦੇਵ ਸਿੰਘ ਲੰਮੇ, ਪੰਚ ਅੰਮ੍ਰਿਤਪਾਲ ਕੌਰ , ਡਾ ਹਰਜੋਤ ਸਿੰਘ, ਐਡਵੋਕੇਟ ਕੁਲਦੀਪ ਸਿੰਘ ਅਤੇ ਭੁਪਿੰਦਰ ਸਿੰਘ ਕਾਲਾ ਆਦਿ ਹਾਜਰ ਸਨ।

# ਮਾਤਾ ਸਾਹਿਬ ਕੌਰ ਮਾਡਰਨ ਸਕੂਲ ਭਰੋਵਾਲ ਵਿਖੇ ਨਵੇਂ ਸੈਸ਼ਨ ਦੇ ਆਗਾਜ਼ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ



ਤਰਨ ਤਾਰਨ, 16 ਅਪ੍ਰੈਲ (ਐਸ ਐਸ ਸੰਧਾ) ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਭਰੋਵਾਲ ਵਿਖੇ ਵਿਦਿਆਰਥੀਆਂ ਦੇ ਨਵੇਂ ਸੈਸ਼ਨ ਦੇ ਆਗਾਜ਼ ਅਤੇ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਨੂੰ ਮੁੱਖ ਰੱਖਦਿਆਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਅਧਿਆਤਮਿਕ ਸਮਾਗਮ ਦੌਰਾਨ ਸਕੂਲ ਦੇ ਸਮੂਹ ਵਿਦਿਆਰਥੀਆਂ, ਅਧਿਆਪਕ ਸਾਹਿਬਾਨ ਅਤੇ ਪ੍ਰਬੰਧਕੀ ਕਮੇਟੀ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਅਤੇ ਸਟਾਫ ਨੇ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ, ਜਿਸ ਨਾਲ ਸਕੂਲ ਦਾ ਮਾਹੌਲ ਪੂਰੀ ਤਰ੍ਹਾਂ ਭਗਤੀਮਈ ਹੋ ਗਿਆ। ਪਾਠ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਅਤੇ ਖਾਸ ਕਰਕੇ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਵਾਲੇ ਵਿਦਿਆਰਥੀਆਂ ਦੀ ਮਾਨਸਿਕ ਇਕਾਗਰਤਾ ਅਤੇ ਭਵਿੱਖ ਵਿੱਚ ਸ਼ਾਨਦਾਰ ਪੜਾਈ ਲਈ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਡਾਇਰੈਕਟਰ ਸ੍ਰ ਤੇਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਿਹਨਤ ਦੇ ਨਾਲ-ਨਾਲ ਵਾਹਿਗੁਰੂ ਦਾ ਓਟ ਆਸਰਾ ਲੈਣਾ ਵੀ ਜ਼ਰੂਰੀ ਹੈ। ਅਜਿਹੇ ਉਪਰਾਲੇ ਵਿਦਿਆਰਥੀਆਂ ਦੇ ਅੰਦਰ ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਊਰਜਾ ਭਰਦੇ ਹਨ। ਇਸ ਮੌਕੇ ਪ੍ਰੈਜੀਡੈਂਟ ਸ੍ਰੀਮਤੀ ਸੁਖਵਿੰਦਰ ਕਈ, ਸੈਕਟਰੀ ਸ੍ਰ ਬਨਵੀਰ ਸਿੰਘ, ਕਮੇਟੀ ਮੈਂਬਰ ਸ੍ਰੀਮਤੀ ਸੰਗੀਤ ਕੌਰ, ਪ੍ਰਿੰਸੀਪਲ ਸ੍ਰੀਮਤੀ ਨਵਜੋਤੀ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜਰ ਸੀ।ਅੰਤ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਨਵਜੋਤੀ ਵੱਲੋਂ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਕੜਾਹ ਪ੍ਰਸਾਦ ਵਰਤਾਇਆ ਗਿਆ।


## ਸਾਥ ਸਦੀਵੀ



ਸ੍ਰ ਰਤਨ ਸਿੰਘ ਦਿਉਲ ਤੇ ਨਰਿੰਦਰ ਕੌਰ ਨੂੰ ਵਿਆਹ ਦੀ 51 ਵੀ ਵਰੇਗੰਢ ਮੁਬਾਰਕ।

visit us on:
www.fatehtimesmedia.com

ਫਤਿਹ ਟਾਈਮਜ਼



## ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


# ਆਉਣ ਵਾਲੀਆਂ ਚੋਣਾਂ ਵਿੱਚ ਯੂਥ ਅਕਾਲੀ ਦਲ ਨਿਭਾਏਗਾ ਆਪਣੀ ਨਿਰਣਾਇਕ ਭੂਮਿਕਾ: ਕੰਵਰਦੀਪ ਸਿੰਘ ਬ੍ਰਹਮਪੁਰਾ

**"ਮੇਰੀ ਦਸਤਾਰ ਮੇਰੀ ਸ਼ਾਨ" ਮੁਹਿੰਮ ਨੇਂ ਨੌਜਵਾਨਾਂ ਨੂੰ ਜੋੜਿਆ ਦਸਤਾਰਾਂ ਨਾ.ਲ**



ਤਰਨ ਤਾਰਨ, 16 ਅਪ੍ਰੈਲ (ਐਸ ਐਸ ਸੰਧਾ) ਯੂਥ ਅਕਾਲੀ ਆਗੂ ਕੰਵਰਦੀਪ ਸਿੰਘ ਬ੍ਰਹਮਪੁਰਾ ਨੇ ਇੱਕ ਵਿਸਥਾਰਪੂਰਵਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਜਨਤਾ ਦੀ ਆਪਣੀ ਪਾਰਟੀ ਹੈ, ਜਿਸ ਨੇ ਹਰ ਸਮੇਂ ਸੂਬੇ ਦੇ ਹੱਕਾਂ ਅਤੇ ਅਧਿਕਾਰਾਂ ਦੀ ਰੱਖਿਆ ਲਈ ਅਗਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪਾਰਟੀ ਦਾ ਯੂਥ ਵਿੰਗ ਵੱਡੇ ਪੱਧਰ 'ਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜ ਰਿਹਾ ਹੈ, ਜੋ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਮਜ਼ਬੂਤ ਅਤੇ ਨਿਰਣਾਇਕ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਅੱਜ ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਜਾਗਰੂਕ ਹੋ ਰਹੀ ਹੈ ਅਤੇ ਉਹ ਆਪਣੀ ਪਹਿਚਾਣ ਅਤੇ ਅਧਿਕਾਰਾਂ ਨੂੰ ਲੈ ਕੇ ਹੋਰ ਵੀ ਸੰਵੇਦਨਸ਼ੀਲ ਬਣ ਰਹੀ ਹੈ। ਇਸ ਮਾਹੌਲ ਵਿੱਚ ਯੂਥ ਅਕਾਲੀ ਦਲ ਵੱਲੋਂ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਅਤੇ ਉਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।ਬ੍ਰਹਮਪੁਰਾ ਨੇ ਦੱਸਿਆ ਕਿ ਨੌਜਵਾਨਾਂ ਨੂੰ ਦਸਤਾਰ ਨਾਲ ਜੋੜਨ ਲਈ ਚਲਾਈ ਜਾ ਰਹੀ "ਮੇਰੀ ਦਸਤਾਰ ਮੇਰੀ ਸ਼ਾਨ" ਮੁਹਿੰਮ ਨੂੰ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਰਾਜ ਭਰ ਵਿੱਚ ਵੱਡੇ ਪੱਧਰ 'ਤੇ ਚਲਾਇਆ ਜਾ ਰਿਹਾ ਹੈ। ਇਸ ਮੁਹਿੰਮ ਦੇ ਪ੍ਰਭਾਵ ਹੇਠ ਕਈ ਨੌਜਵਾਨਾਂ ਵੱਲੋਂ ਕੇਸਰੀ ਦਸਤਾਰਾਂ ਸਜਾਉਣੀਆਂ ਅਤੇ ਸਿੱਖੀ ਰਿਵਾਇਤਾਂ ਨੂੰ ਅਪਣਾਉਣਾ ਇੱਕ ਮਹੱਤਵਪੂਰਨ ਉਪਲਬਧੀ ਵਜੋਂ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਮੁਹਿੰਮ ਨਹੀਂ, ਸਗੋਂ ਨੌਜਵਾਨਾਂ ਨੂੰ ਆਪਣੀ ਪਛਾਣ ਅਤੇ ਵਿਰਸੇ ਨਾਲ ਜੋੜਨ ਦਾ ਇਕ ਵੱਡਾ ਯਤਨ ਹੈ।ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਪੰਜਾਬ ਵਿੱਚ ਹਰ ਰਾਜਨੀਤਿਕ ਪਾਰਟੀ ਨੇ ਆਪਣਾ ਯੂਥ ਵਿੰਗ ਬਣਾਇਆ ਹੋਇਆ ਹੈ, ਪਰ ਯੂਥ ਅਕਾਲੀ ਦਲ ਹੀ ਇੱਕ ਐਸਾ ਮੰਚ ਹੈ ਜੋ ਸੱਚਮੁੱਚ ਨੌਜਵਾਨਾਂ ਦੇ ਮਸਲਿਆਂ ਨੂੰ ਉਠਾਉਂਦਾ ਹੈ ਅਤੇ ਦਸਤਾਰ, ਕੌਮ ਅਤੇ ਸੱਭਿਆਚਾਰਕ ਮੁੱਲਾਂ ਦੀ ਰੱਖਿਆ ਲਈ ਸੰਘਰਸ਼ ਕਰਦਾ ਹੈ। ਉਨ੍ਹਾਂ ਦੇ ਮੁਤਾਬਕ, ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਤਦੋਂ ਅਜਿਹੀਆਂ ਮੁਹਿੰਮਾਂ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ।


ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

ਮੋ; 99885-37575


Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਖੇਤੀ ਮੋਟਰਾਂ ਦੀ ਬਿਜਲੀ ਸਪਲਾਈ ਦਾ ਸਮਾਂ 4 ਤੋਂ 8 ਵਜੇ ਤੱਕ ਕਰ ਦਿੱਤਾ ਜਾਵੇਗਾ - ਐਕਸੀਅਨ



ਮੁੱਲਾਂਪੁਰ ਦਾਖਾ, 16 ਅਪ੍ਰੈਲ (ਦਵਿੰਦਰ ਸਿੰਘ ਲੰਮੇ) ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਅਤੇ ਜਸਦੇਵ ਸਿੰਘ ਲਲਤੋਂ ਦੀ ਅਗਵਾਈ ਹੇਠ ਮੁੱਲਾਂਪੁਰ ਇਲਾਕੇ ਦੇ ਕਿਸਾਨਾਂ ਦਾ ਵਫ਼ਦ ਪਾਵਰਕਾਮ ਡਿਵੀਜ਼ਨ ਮੁੱਲਾਂਪੁਰ ਦੇ ਐਕਸੀਅਨ ਨੂੰ ਮਿਲਿਆ। ਵਫ਼ਦ ਨੇ ਐਕਸੀਅਨ ਨੂੰ ਦੱਸਿਆ ਕਿ ਮੱਕੀ, ਮੂੰਗੀ, ਪੁਦੀਨਾ ਅਤੇ ਸਬਜ਼ੀਆਂ ਦੀਆਂ ਫਸਲਾਂ ਲਈ ਖੇਤੀ ਮੋਟਰਾਂ ਦੀ ਬਿਜਲੀ ਦਾ ਪਹਿਲਾ ਸਮਾਂ ਤੜਕੇ 4 ਤੋਂ 8 ਵਜੇ ਤੱਕ ਸੀ, ਜੋ ਕਿ ਢੁਕਵਾਂ ਤੇ ਦਰੁਸਤ ਸੀ, ਪ੍ਰੰਤੂ ਹੁਣ ਕੁੱਝ ਕੁ ਦਿਨਾਂ ਤੋਂ ਵੱਡੇ ਤੜਕੇ 1 ਤੋਂ 5 ਵਜੇ ਤੱਕ ਕੀਤੇ ਜਾਣ ਨਾਲ ਕਿਸਾਨ ਭਰਾਵਾਂ ਨੂੰ ਭਾਰੀ ਦਿੱਕਤ ਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਡੇ ਤੜਕੇ ਦਾ ਉਨੀਂਦਰਾ ਕੱਟਣ ਵਾਲਿਆਂ ਨੂੰ ਕਣਕ ਦੀ ਵਾਢੀ ਅਤੇ ਸਾਂਭ ਸੰਭਾਲ ਸਿਰ 'ਤੇ ਖੜ੍ਹੀ ਹੋਣ ਕਰਕੇ ਦਿਨ ਭਰ ਵੀ ਰਝੇਵੇਂ ਹੁੰਦੇ ਹਨ। ਐਕਸੀਅਨ ਰਵੀ ਚੋਪੜਾ ਨੇ ਕਿਸਾਨ ਵਫ਼ਦ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਕੱਲ੍ਹ ਤੋਂ ਖੇਤੀ ਮੋਟਰਾਂ ਦੀ ਬਿਜਲੀ ਸਪਲਾਈ ਦਾ ਸਮਾਂ 4 ਤੋਂ 8 ਵਜੇ (ਸਵੇਰੇ) ਕਰਨ ਦੀ ਮੰਗ ਮੌਕੇ 'ਤੇ ਪ੍ਰਵਾਨ ਕਰ ਲਈ। ਮੰਡੀ ਸੁਪਰਵਾਈਜ਼ਰ ਸ. ਜਸਵੀਰ ਸਿੰਘ ਨੇ ਜਥੇਬੰਦੀ ਦੇ ਵਫ਼ਦ ਨੂੰ ਯਕੀਨ ਦੁਆਇਆ ਕਿ ਅੱਜ ਤੋਂ ਸਾਰੀਆਂ ਮੰਡੀਆਂ 'ਚ ਕਣਕ ਦੀ ਖਰੀਦ ਆਰੰਭ ਹੋ ਚੁੱਕੀ ਹੈ ਤੇ ਕੱਲ੍ਹ ਤੋਂ ਹੋਰ ਤੇਜ਼ੀ ਯਕੀਨੀ ਬਣਾਈ ਜਾਵੇਗੀ ਕਿਸਾਨ ਵਫ਼ਦ ਵਿੱਚ ਸਾਬਕਾ ਸਰਪੰਚ ਸਾਧੂ ਸਿੰਘ ਮੁੱਲਾਂਪੁਰ,ਪੰਚ ਜਰਨੈਲ ਸਿੰਘ, ਮਨਜੀਤ ਸਿੰਘ ਗਿੱਲ, ਦਲਜੀਤ ਸਿੰਘ ਧਨੋਆ, ਰਣਜੀਤ ਸਿੰਘ ਗੁੜੇ, ਤੇਜਿੰਦਰ ਸਿੰਘ ਬਿਰਕ, ਨਿਰਭੈ ਸਿੰਘ ਤਲਵੰਡੀ, ਹਰਪਾਲ ਸਿੰਘ ਸਵੱਦੀ, ਜਥੇਦਾਰ ਗੁਰਮੇਲ ਸਿੰਘ ਢੱਟ, ਜਰਨੈਲ ਸਿੰਘ ਮੁੱਲਾਂਪੁਰ ,ਸੋਹਣ ਸਿੰਘ ਸਵੱਦੀ,ਨਛੱਤਰ ਸਿੰਘ ਤਲਵੰਡੀ , ਲਛਮਣ ਸਿੰਘ ਸਿੱਧਵਾਂ,ਗੁਰਸੇਵਕ ਸਿੰਘ ਸੋਨੀ ਸਵੱਦੀ,ਦਲਜੀਤ ਸਿੰਘ ਧਨੋਆ ਅਤੇ ਮਨਦੀਪ ਸਿੰਘ ਗਰੇਵਾਲ ਸ਼ਾਮਿਲ ਸਨ।

# ਅੰਮ੍ਰਿਤਸਰ ਪ੍ਰੈਸ ਕਲੱਬ ਚੋਣਾਂ ਵਿੱਚ ਰਣਜੀਤ ਸਿੰਘ ਮਸੌਣ ਬਤੌਰ ਪ੍ਰਧਾਨ ਅਤੇ ਰਮੇਸ਼ ਰਾਮਪੁਰਾ ਜੀ ਸੀਨੀਅਰ ਮੀਤ ਪ੍ਰਧਾਨ ਦੇ ਅਹੁਦਿਆਂ ਤੇ ਲੜਨਗੇ ਚੋਣ



ਅੰਮ੍ਰਿਤਸਰ, 15 ਅਪ੍ਰੈਲ (ਪ ਪ) ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਮਸੌਣ ਵੱਲੋਂ ਕੀਤੀ ਗਈ। ਇਸ ਮੌਕੇ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਹਾਜ਼ਰੀ ਰਹੀ।ਮੀਟਿੰਗ ਦੌਰਾਨ ਜ਼ਿਲਾ ਬਾਡੀ ਵਿੱਚ ਵਿਸਥਾਰ ਕਰਦਿਆਂ ਫੁਲਜੀਤ ਸਿੰਘ ਵਰਪਾਲ ਨੂੰ ਜ਼ਿਲਾ ਪ੍ਰਧਾਨ ਅਤੇ ਸੀਨੀਅਰ ਪੱਤਰਕਾਰ ਹਰਪਾਲ ਸਿੰਘ ਨੂੰ ਜ਼ਿਲਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਨਵੀਂ ਜ਼ਿੰਮੇਵਾਰੀ ਸੰਭਾਲਣ ਉਪਰੰਤ ਹਰਪਾਲ ਸਿੰਘ ਅਤੇ ਫੁਲਜੀਤ ਸਿੰਘ ਵਰਪਾਲ ਵੱਲੋਂ ਐਸੋਸੀਏਸ਼ਨ ਨੂੰ ਭਰੋਸਾ ਦਿਵਾਇਆ ਗਿਆ ਕਿ ਉਹ ਬਿਨਾਂ ਕਿਸੇ ਪੱਖਪਾਤ ਦੇ ਕੰਮ ਕਰਦੇ ਹੋਏ ਪੱਤਰਕਾਰ ਭਾਈਚਾਰੇ ਦੀ ਭਲਾਈ ਲਈ ਹਮੇਸ਼ਾ ਤਤਪਰ ਰਹਿਣਗੇ ਇਸ ਦੌਰਾਨ ਅੰਮ੍ਰਿਤਸਰ ਪ੍ਰੈਸ ਕਲੱਬ ਦੀਆਂ ਆਉਣ ਵਾਲੀਆਂ ਚੋਣਾਂ ਸਬੰਧੀ ਵੀ ਚਰਚਾ ਕੀਤੀ ਗਈ। ਐਸੋਸੀਏਸ਼ਨ ਵੱਲੋਂ ਬਤੌਰ ਪ੍ਰਧਾਨ ਰਣਜੀਤ ਸਿੰਘ ਮਸੌਣ ਅਤੇ ਸੀਨੀਅਰ ਮੀਤ ਪ੍ਰਧਾਨ ਲਈ ਰਮੇਸ਼ ਕੁਮਾਰ ਰਾਮਪੁਰਾ ਦੇ ਹੱਕ ਵਿੱਚ ਸਮੂਹ ਪੱਤਰਕਾਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ।ਐਸੋਸੀਏਸ਼ਨ ਦੇ ਚੇਅਰਮੈਨ ਰਮੇਸ਼ ਕੁਮਾਰ ਰਾਮਪੁਰਾ ਵੱਲੋਂ ਜ਼ਿਲਾ ਬਾਡੀ ਵਿੱਚ ਕੀਤੀਆਂ ਨਵੀਂ ਨਿਯੁਕਤੀਆਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਨਿਸ਼ਠਾ ਨਾਲ ਨਿਭਾਇਆ ਜਾਵੇਗਾ ਅਤੇ ਭਵਿੱਖ ਵਿੱਚ ਪੱਤਰਕਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਹਰੇਕ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਜਨਰਲ ਸਕੱਤਰ ਜੋਗਾ ਸਿੰਘ, ਮੀਤ ਪ੍ਰਧਾਨ ਰਜਨੀਸ਼ ਕੌਸ਼ਲ, ਮੀਤ ਪ੍ਰਧਾਨ ਰਾਘਵ ਅਰੋੜਾ, ਸਰਪਰਸਤ ਹਰੀਸ਼ ਸੂਰੀ, ਅਜੇ ਪੰਡਿਤ, ਵਿਸ਼ਾਲ ਸ਼ਰਮਾ, ਕੁਸ਼ਾਲ ਸ਼ਰਮਾ, ਅਮੀਤਾ ਸਮੇਤ ਕਈ ਪੱਤਰਕਾਰ ਮੌਜੂਦ ਸਨ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਮਨੁੱਖੀ ਵਿਅਕਤਿਤਵ



(ਲੜੀਵਾਰ ਲੇਖ ਕਿਸ਼ਤ 1) ਮਾਨਵ ਵਿਅਕਤਿਤਵ ਵਿਚਾਰਾਂ, ਭਾਵਨਾਵਾਂ, ਵਿਉਹਾਰ ਅਤੇ ਆਦਤਾਂ ਦਾ ਇੱਕ ਇਕੱਤਰ ਰੂਪ ਹੈ ਜੋ ਕਿਸੇ ਵਿਅਕਤੀ ਦੀ ਅੰਦਰੂਨੀ ਅਤੇ ਬਾਹਰੀ ਦੁਨੀਆ ਨਾਲ ਸੰਬੰਧ ਬਣਾਉਣ ਦੀ ਵਿਲੱਖਣ ਢੰਗ ਨੂੰ ਪਰਿਭਾਸ਼ਿਤ ਕਰਦਾ ਹੈ। ਆਧੁਨਿਕ ਇਲਾਜ਼ ਪ੍ਰਣਾਲੀ ਦਾ ਵਿਗਿਆਨ, ਮਨੋਵਿਗਿਆਨ ਵਿਅਕਤਿਤਵ ਨੂੰ ਇੱਕ ਗਤੀਸ਼ੀਲ ਬਣਤਰ ਮੰਨਦੇ ਹਨ ਜੋ ਵਿਰਾਸਤੀ ਗੁਣਾਂ, ਦਿਮਾਗ ਦੀ ਜੈਵਿਕ ਪ੍ਰਕਿਰਿਆਵਾਂ, ਮਨੋਵਿਗਿਆਨਿਕ ਵਿਕਾਸ ਅਤੇ ਸਮਾਜਿਕ-ਸੰਸਕ੍ਰਿਤਿਕ ਪ੍ਰਭਾਵਾਂ ਨਾਲ ਬਣਦਾ ਹੈ।

**ਮਾਨਵ ਵਿਅਕਤਿਤਵ ਦੀ ਪਰਿਭਾਸ਼ਾ**

ਵਿਅਕਤਿਤਵ ਨੂੰ ਇੱਕ ਅਜਿਹੀ ਸੰਰਚਨਾ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਸਥਿਰ ਹੋਣ ਦੇ ਨਾਲ-ਨਾਲ ਬਦਲਣਯੋਗ ਵੀ ਹੁੰਦੀ ਹੈ ਅਤੇ ਜਿਸ ਵਿੱਚ ਮਨੋਵਿਗਿਆਨਿਕ ਗੁਣ ਅਤੇ ਵਿਹਾਰਕ ਰੂਪ ਸ਼ਾਮਲ ਹੁੰਦੇ ਹਨ। ਇਹ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਕੋਈ ਵਿਅਕਤੀ ਜੀਵਨ ਦੀਆਂ ਸਥਿਤੀਆਂ ਨੂੰ ਕਿਵੇਂ ਸਮਝਦਾ, ਸੋਚਦਾ, ਮਹਿਸੂਸ ਕਰਦਾ ਅਤੇ ਉਨ੍ਹਾਂ 'ਤੇ ਕਿਵੇਂ ਪ੍ਰਤੀਕਿਰਿਆ ਕਰਦਾ ਹੈ?

ਜੈਵਿਕ ਪੱਖੋਂ, ਵਿਅਕਤਿਤਵ 'ਤੇ ਵਿਰਾਸਤੀ ਗੁਣ ਅਤੇ ਰਸਾਇਣਕ ਪ੍ਰਕਿਰਿਆਵਾਂ ਦਾ ਪ੍ਰਭਾਵ ਹੁੰਦਾ ਹੈ। ਡੋਪਾਮੀਨ ਅਤੇ ਸੇਰੋਟੋਨਿਨ ਵਰਗੇ ਨਿਊਰੋਟ੍ਰਾਂਸਮੀਟਰ ਪ੍ਰੇਰਣਾ, ਮੂਡ, ਆਤਮ-ਨਿਯੰਤਰਣ ਅਤੇ ਭਾਵਨਾਤਮਕ ਸੰਤੁਲਨ ਨੂੰ ਨਿਯੰਤ੍ਰਿਤ ਕਰਦੇ ਹਨ। ਦਿਮਾਗ ਦੇ ਭਾਗ ਜਿਵੇਂ ਪ੍ਰੀਫਰੰਟਲ ਕੋਰਟੈਕਸ, ਐਮਿਗਡਾਲਾ ਅਤੇ ਲਿੰਬਿਕ ਸਿਸਟਮ ਵਿਅਕਤਿਤਵ ਦੇ ਪ੍ਰਗਟਾਵ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਮਨੋਵਿਗਿਆਨਕ ਤੌਰ 'ਤੇ, ਵਿਅਕਤਿਤਵ ਨੂੰ "ਫਾਈਵ ਫੈਕਟਰ ਮਾਡਲ (ਬਿਗ ਫਾਈਵ)" ਰਾਹੀਂ ਸਮਝਾਇਆ ਜਾਂਦਾ ਹੈ—ਜਿਸ ਵਿੱਚ ਖੁਲਾਪਣ (Openness), ਜ਼ਿੰਮੇਵਾਰੀ (Consicenitousness), ਬਾਹਰਮੁਖਤਾ (Extraverison), ਸਹਿਯੋਗੀ ਸੁਭਾਵ (Agreeableness) ਅਤੇ ਭਾਵਨਾਤਮਕ ਅਸਥਿਰਤਾ (Neuroiticsm)(ਚਲਦਾ)


ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਵਿਸ਼ਵ ਦਸਤਾਰ ਦਿਵਸ ਤੇ ਵਿਸ਼ੇਸ਼

# ਦਸਤਾਰ ਦਾ ਇਤਿਹਾਸ ਬਹੁਤ ਹੀ ਗੌਰਵਮਈ ਅਤੇ ਪ੍ਰਾਚੀਨ ਹੈ



ਦਸਤਾਰ ਦਾ ਇਤਿਹਾਸ ਬਹੁਤ ਹੀ ਗੌਰਵਮਈ ਅਤੇ ਪ੍ਰਾਚੀਨ ਹੈ। ਸਿੱਖ ਧਰਮ ਵਿੱਚ ਇਹ ਸਿਰਫ ਇੱਕ ਕੱਪੜੇ ਦਾ ਟੁਕੜਾ ਨਹੀਂ , ਸਗੋ , ਇਜ਼ਤ ਅਣਖ ਅਤੇ ਗੁਰੂ ਸਾਹਿਬ ਵੱਲੋਂ ਬਖਸ਼ੀ ਸਰਦਾਰੀ ਦਾ ਪ੍ਰਤੀਕ ਹੈ। ਦਸਤਾਰ ਪਹਿਨਣ ਦੀ ਰੀਤ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸ਼ੁਰੂ ਹੋ ਗਈ ਸੀ।ਉਸ ਤੋਂ ਬਾਅਦ ਸਾਰੇ ਗੁਰੂ ਸਾਹਿਬਾਨ ਨੇ ਦਸਤਾਰ ਸਜਾਈ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਮੁਗਲ ਸ਼ਾਸਕਾਂ ਨੇ ਆਮ ਲੋਕਾਂ ਨੂੰ ਸਿਰ ਤੇ ਦਸਤਾਰ ਸਜਾਉਣ ਤੇ ਸਖਤੀ ਨਾਲ ਰੋਕ ਲਗਾਈ ਹੋਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਇਸ ਦਾ ਵਿਰੋਧ ਕਰਦਿਆਂ ਸਿੱਖਾਂ ਨੂੰ ਪੱਗ ਬੰਨ੍ਹਣ ਲਈ ਪ੍ਰੇਰਿਤ ਕੀਤਾ।"ਸਾਹਿਬੇ - ਕਮਾਲ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸਿੰਘ ਸਜਾਇਆ ਅਤੇ ਹੁਕਮ ਕੀਤਾ ਕਿ ਕਿ ਅੱਜ ਤੋਂ ਬਾਅਦ ਹਰੇਕ ਸਿੱਖ ਆਪਣੇ ਕੇਸਾਂ ਦੀ ਸੰਭਾਲ ਲਈ ਹਮੇਸ਼ਾ ਦਸਤਾਰ ਸਜਾ ਕੇ ਰੱਖੇਗਾ "ਇਤਿਹਾਸਕਾਰਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਵੀ ਦਸਤਾਰ ਸਜਾਇਆ ਕਰਦੇ ਸਨ।ਮਾਈ ਭਾਗੋ ਜੀ ਵੀ ਦਸਤਾਰ ਸਜਾ ਕੇ ਮੈਦਾਨੇ ਜੰਗ ਵਿੱਚ ਦੁਸ਼ਮਣਾਂ ਦੇ ਆਹੂ ਲਾਹੁੰਦੇ ਯੁੱਧ ਦੇ ਮੈਦਾਨ ਵਿੱਚ ਨਿਤਰੇ ਸਨ। ਪੁਰਾਤਨ ਸਮੇਂ ਪੱਗ ਸਿਰਫ ਰਾਜੇ ਮਹਾਰਾਜੇ ਹੀ ਬੰਨਦੇ ਸਨ।ਪਰ ਗੁਰੂ ਸਾਹਿਬ ਨੇ ਹਰ ਸਿੱਖ ਨੂੰ ਦਸਤਾਰ ਬਖ਼ਸ਼ ਕੇ ਉਨ੍ਹਾਂ ਨੂੰ ਰਾਜਿਆਂ ਵਰਗਾ ਸਨਮਾਨ ਅਤੇ ਸਨਮਾਨਤਾ ਦਿਤੀ। ਤਾਂ ਕਿ ਮੇਰੇ ਸਿੱਖ ਦੀ ਲੱਖਾਂ ਦੀ ਭੀੜ ਵਿੱਚ ਵੀ ਦੂਰੋ ਪਹਿਚਾਣ ਹੋ ਸਕੇ।ਜੰਗ ਦੇ ਸਮੇਂ ਦਸਤਾਰ ਖ਼ਾਸ ਕਰਕੇ ਦੁਮਾਲਾ ਸਿਰ ਲਈ ਇਕ ਸੁਰੱਖਿਆ ਕਵਚ ਦਾ ਕੰਮ ਕਰਦਾ ਸੀ

ਕੇਸਕੀ ਛੋਟੀ ਦਸਤਾਰ ਜੋ ਅਕਸਰ ਵੱਡੀ ਪੱਗ ਦੇ ਹੇਠਾਂ ਰਾਤ ਨੂੰ ਵਿਸ਼ਰਾਮ ਕਰਨ ਵੇਲੇ ਬੰਨੀ ਜਾਂਦੀ ਸੀ। ਸਿੱਖ ਇਤਿਹਾਸ ਵਿੱਚ ਸਾਨੂੰ ਦਸਤਾਰ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ ਹੈ। ਅਤੇ ਅੱਜ ਦੁਨੀਆਂ ਭਰ ਵਿੱਚ ਇਹ ਸਿੱਖੀ ਦੀ ਵਿਲੱਖਣ ਪਛਾਣ ਵਜੋਂ ਜਾਣੀਂ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਮਾਂ ਬਾਪ ਆਪਣੀ ਔਲਾਦ ਨੂੰ ਨਸੀਹਤਾਂ ਦਿੰਦੇ ਸਨ ਕਿ ਕੋਈ ਇਹੋ ਜਿਹਾ ਕੰਮ ਨਾ ਕਰਿਓ ਕਿ ਚਿੱਟੀ ਪੱਗ ਨੂੰ ਦਾਗ ਲਗ ਜਾਵੇ । ਬਿਪਤਾ ਸਮੇਂ ਸੁਹਾਗਣਾਂ ਆਪਣੇ ਸਿਰ ਦੇ ਸਾਂਈ ਦੀ ਰੱਖਿਆ ਲਈ ਦੁਸ਼ਮਣ ਦੇ ਪੈਰਾਂ ਵਿਚ ਪੱਗ ਰੱਖ ਕੇ ਦਇਆ ਦੀ ਭੀਖ ਮੰਗਦੀਆਂ ਵੇਖੀਆਂ ਗਈਆਂ ਹਨ। ਮੁਕਦੀ ਗੱਲ ਇਹ ਹੈ ਕਿ ਦਸਤਾਰ ਸਾਡੀ ਆਣ ਬਾਣ ਅਤੇ ਸ਼ਾਨ ਬਰਕਰਾਰ ਰੱਖਣ ਲਈ ਸਮੇਂ ਸਮੇਂ ਰੱਖਿਆ ਕਰਦੀ ਹੈ।ਦਸਤਾਰ ਸਿੱਖੀ ਚ ਪ੍ਰਪੱਕ ਹੋਣ ਦੀ ਨਿਸ਼ਾਨੀ ਨਹੀਂ,ਬਲਕਿ ਇਹ ਦਸਤਾਰ ਨੂੰ ਸਜਾਉਣ ਵਾਲੇ ਦੇ ਮਨ ਦੇ ਅੰਦਰ ਸਿੱਖੀ ਪ੍ਰਤੀ ਲਗਾਓ,ਆਤਮ ਵਿਸ਼ਵਾਸ ਅਤੇ ਦ੍ਰਿੜ੍ਹ ਹੌਸਲਾ ਭਰਦੀ ਹੈ। ਗੁਰੂ ਘਰ ਦੇ ਅਨਿਨ ਸੇਵਕ, ਬੇਦਾਗ, ਮਾਇਆ ਨਾਜ਼ ਸ਼ਖ਼ਸੀਅਤ ਅੰਮ੍ਰਿਤਸਰ ਡਿਸਟ੍ਰਿਕਟ ਕੋਰਟ ਵਿਖੇ ਭੋਲੀ ਭਾਲੀ ਜਨਤਾ ਵੱਲੋਂ ਵਿੱਚ ਵੱਖ ਵੱਖ ਕੇਸਾਂ ਵਿੱਚ ਲੱਖਾਂ ਰੁਪਈਆ ਉਜਾੜਨ ਤੋਂ ਬਾਅਦ ਟੁੱਟ ਚੁੱਕੇ ਲੋਕਾਂ ਨੂੰ ਸਹੀ ਦਿਸ਼ਾ ਦੇਣ ਲਈ ਮਸੀਹਾ ਵਜੋਂ ਉਭਰੇ ਐਡਵੋਕੇਟ ਸ੍ ਜਸਵਿੰਦਰ ਸਿੰਘ ਜਸਵਾਲ ਨੇ 13 ਅਪ੍ਰੈਲ ਨੂੰ ਦੁਨੀਆਂ ਭਰ ਵਿੱਚ ਬੜੇ ਉਤਸ਼ਾਹ ਨਾਲ ਮਨਾਏ ਗਏ (ਵਿਸ਼ਵ ਦਸਤਾਰ ਦਿਵਸ) ਦੀ ਵਧਾਈ ਦਿੰਦਿਆਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ "ਕਿ ਦਸਤਾਰ ਨਾਲ ਸਾਡੀ ਸ਼ਾਨ ਹੈ।ਗੁਰੂ ਸਾਹਿਬ ਜੀ ਵੱਲੋਂ ਸਾਡੀ ਝੋਲੀ ਵਿਚ ਪਾਈ ਸਿੱਖੀ ਦੀ ਅਨਮੋਲ ਦਾਤ ਨੂੰ ਸੰਭਾਲਣ ਲਈ ਹਰ ਤਰ੍ਹਾਂ ਦੇ ਨਸ਼ਿਆਂ ਦਾ ਤਿਆਗ ਕਰਕੇ ਚੰਗੇ ਨਾਗਰਿਕ ਹੋਣ ਦਾ ਸਬੂਤ ਪੇਸ਼ ਕਰੀਏ ।ਨਸ਼ਿਆਂ ਦੇ ਇਸ ਕੋਹੜ ਨੂੰ ਜੜੋਂ ਪੁੱਟਣ ਲਈ ਮਾਪੇ ਬੇਹਤਰੀਨ ਭੂਮਿਕਾ ਨਿਭਾ ਸਕਦੇ ਹਨ"ਬੇਸ਼ੱਕ ਸਮੇਂ ਦੀਆਂ ਸਰਕਾਰਾਂ ਅਤੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀਂ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਹੈ।ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਇਸ ਲਹਿਰ ਦਾ ਹਿੱਸਾ ਬਣੀਏ"।

ਲੇਖਕ : ਹਰਪਾਲ ਸਿੰਘ
ਸ਼੍ਰੀ ਅੰਮ੍ਰਿਤਸਰ ਸਾਹਿਬ

# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿਖੇ ਭਾਰਤ ਦਾ ਪਹਿਲਾ ਰੇਲਵੇ ਦਿਵਸ ਮਨਾਇਆ




ਪਠਾਨਕੋਟ, 16 ਅਪ੍ਰੈਲ (ਪਵਨ ਸ਼ਰਮਾਂ) ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਪੀਜੀਟੀ ਏਕਤਾ ਮਹਿਤਾ ਅਤੇ ਨੇਹਾ ਸ਼ਰਮਾ ਦੀ ਅਗਵਾਈ ਹੇਠ ਭਾਰਤ ਦਾ ਪਹਿਲਾ ਰੇਲਵੇ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਵਿੱਚ ਇੱਕ ਭਾਸ਼ਣ ਮੁਕਾਬਲਾ ਵੀ ਸ਼ਾਮਲ ਸੀ। ਜਿੱਥੇ ਵਿਦਿਆਰਥੀਆਂ ਨੇ ਆਪਣੇ ਜਨਤਕ ਭਾਸ਼ਣ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ। ਡਾਇਰੈਕਟਰ ਸੰਨੀ ਮਹਾਜਨ ਅਤੇ ਓਸ਼ਿਨ ਮਹਾਜਨ ਨੇ ਆਪਣੀ ਹਾਜ਼ਰੀ ਨਾਲ ਇਸ ਮੌਕੇ ਦੀ ਸ਼ੋਭਾ ਵਧਾਈ। ਇਸ ਮੌਕੇ 'ਤੇ ਬੋਲਦੇ ਹੋਏ ਡਾਇਰੈਕਟਰ ਸੰਨੀ ਮਹਾਜਨ ਨੇ ਦੱਸਿਆ ਕਿ ਭਾਰਤ ਦੀ ਪਹਿਲੀ ਯਾਤਰੀ ਰੇਲਗੱਡੀ 16 ਅਪ੍ਰੈਲ, 1853 ਨੂੰ ਸ਼ੁਰੂ ਹੋਈ ਸੀ, ਜੋ ਬੋਰੀ ਬੰਦਰ (ਮੁੰਬਈ) ਅਤੇ ਠਾਣੇ ਵਿਚਕਾਰ 34 ਕਿਲੋਮੀਟਰ ਦੀ ਦੂਰੀ ਤੈਅ ਕਰਦੀ ਸੀ। ਗ੍ਰੇਟ ਇੰਡੀਅਨ ਪੈਨਿਨਸੁਲਾ ਰੇਲਵੇ (ਘੀਫ਼) ਦੁਆਰਾ ਸੰਚਾਲਿਤ, ਇਸ ਰੇਲਗੱਡੀ ਵਿੱਚ 14 ਡੱਬੇ ਸਨ ।ਜਿਨ੍ਹਾਂ ਨੂੰ ਤਿੰਨ ਲੋਕੋਮੋਟਿਵ - ਸਾਹਿਬ, ਸਿੰਧ ਅਤੇ ਸੁਲਤਾਨ - ਦੁਆਰਾ ਖਿੱਚਿਆ ਜਾਂਦਾ ਸੀ ।ਜਿਸ ਵਿੱਚ 400 ਯਾਤਰੀ ਸਵਾਰ ਸਨ। ਇਸ ਲਾਈਨ ਦਾ ਉਦਘਾਟਨ ਭਾਰਤ ਦੇ ਗਵਰਨਰ-ਜਨਰਲ ਲਾਰਡ ਡਲਹੌਜ਼ੀ ਦੁਆਰਾ ਕੀਤਾ ਗਿਆ ਸੀ। ਇਸ ਇਤਿਹਾਸਕ ਯਾਤਰਾ ਨੇ ਭਾਰਤ ਵਿੱਚ ਆਵਾਜਾਈ ਵਿੱਚ ਇੱਕ ਮੋੜ ਲਿਆ, ਜੋ ਕਿ ਸ਼ਕਤੀਸ਼ਾਲੀ ਭਾਰਤੀ ਰੇਲਵੇ ਦੀ ਸ਼ੁਰੂਆਤ ਸੀ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਜੇਤੂਆਂ ਨੂੰ ਇਨਾਮ ਵੰਡੇ।

# ਪਰਮਜੀਤ ਕੌਰ ਸਨ ਸੰਧੂ ਪਰਿਵਾਰ ਦੀ ਮਾਲਾ ਦੇ ਅਨਮੋਲ ਮੋਤੀ - ਭਰੋਵਾਲ



ਖਡੂਰ ਸਾਹਿਬ, 16 ਅਪ੍ਰੈਲ (ਐਸ ਐਸ ਸੰਧਾ) ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੇ ਪਿੰਡ ਬ੍ਰਹਮਪੁਰਾ ਚ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਅਰਪਨਦੀਪ ਸਿੰਘ ਸੰਧੂ ਦੀ ਮਾਤਾ ਤੇ ਨਿਰਮਲ ਸਿੰਘ ਦੀ ਭਰਜਾਈ ਬੀਬੀ ਪ੍ਰਮਜੀਤ ਕੋਰ ਦੀ ਹੋਈ ਬੇਵਕਤੀ ਮੌਤ ਤੇ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਭਾਜਪਾ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਸ੍ਰ ਭਰੋਵਾਲ ਨੇ ਕਿਹਾ ਕਿ ਸ ਅਰਪਨਦੀਪ ਸਿੰਘ ਦੇ ਪਿਤਾ ਦੇ ਪਹਿਲੇ ਹੀ ਆਕਾਲ ਚਲਾਣਾ ਕਰ ਜਾਣ ਕਾਰਨ ਮਾਤਾ ਜੀ ਨੇ ਪਰਿਵਾਰ ਨੂੰ ਪੂਰੀ ਤਰ੍ਹਾਂ ਸੰਭਾਲਿਆ ਸੀ ਪਰ ਪਰਮਾਤਮਾ ਦੇ ਆਏ ਬੁਲਾਵੇ ਕਾਰਨ ਉਹ ਦੁਨੀਆਂ ਨੂੰ ਅਲਵਿਦਾ ਆਖ ਉਸ ਆਕਾਲ ਪੁਰਖ ਦੇ ਚਰਨਾਂ ਚ ਜਾ ਬਿਰਾਜੇ ਜਿਸ ਨਾਲ ਸੰਧੂ ਪਰਿਵਾਰ ਦੀ ਮਾਲਾ ਦਾ ਇਹ ਅਨਮੋਲ ਮੋਤੀ ਸਦਾ ਸਈ ਕਿਰ ਗਿਆ ਕਿਉਂਕਿ ਮਾਂ ਉਹ ਸ਼ਬਦ ਹੈ ਜਿਸ ਤੋ ਤੁਹਾਡੀ ਦੁਨੀਆਂ ਦੀ ਸ਼ੁਰੂਆਤ ਹੁੰਦੀ ਹੈ ਤੇ ਨਾਲ ਹੀ ਸ਼ੁਰੂ ਹੁੰਦੀ ਹੈ ਨਿਰਸਵਾਰਥ ਸੇਵਾ ਜਿਸ ਦਾ ਬਦਲ ਅੱਜ ਤੱਕ ਦੁਨੀਆ ਤੇ ਨਹੀ ਬਣਿਆ ਉਹਨਾਂ ਦੇ ਜਾਣ ਨਾਲ ਪਰਿਵਾਰ ਨੂੰ ਅਸਹਿ ਘਾਟਾਂ ਪਿਆ ਪ੍ਰਮਾਤਮਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਇਸ ਮੌਕੇ ਦੁੱਖ ਪ੍ਰਗਟ ਕਰਨ ਵਾਲਿਆਂ ਚ ਚੋਹਲਾ ਸਾਹਿਬ ਸਰਕਲ ਦੇ ਪ੍ਰਧਾਨ ਬਾਬਾ ਖੁਸ਼ਪਿੰਦਰ ਸਿੰਘ ਬ੍ਰਹਮਪੁਰਾ, ਗੁਰਪ੍ਰੀਤ ਸਿੰਘ ਸੋਨੂ, ਭੁਪਿੰਦਰ ਸਿੰਘ ਟੀਟੂ, ਤਰਸੇਮ ਸਿੰਘ ਛਾਪੜੀ, ਜਵਾਹਰ ਨਈਅਰ ਚੋਹਲਾ ਸਾਹਿਬ,ਨਿਸ਼ਾਨ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ ਸੰਗਤਪੁਰਾ,ਲਾਭ ਸਿੰਘ ਛਾਪੜੀ ਗੁਰਿੰਦਰ ਸਿੰਘ ਆਦਿ ਆਗੂਆਂ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।




(M) 97819-55016

ਬਲਬੀਰ ਸਿੰਘ

ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।

ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ


# ਆਈਈਸੀ ਐਕਟੀਵਟੀ ਅਧੀਨ ਕਿਸਾਨ ਸਿਖਲਾਈ ਕੈਂਪ ਪਿੰਡ- ਅਲੀਆਂ ਵਿਖੇ ਲਗਾਇਆ ਗਿਆ

ਤਰਨ ਤਾਰਨ, 16 ਅਪ੍ਰੈਲ (ਐਸ ਐਸ ਸੰਧਾ) ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਕੁਮਾਰ ਆਈ ਏ ਐਸ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿਖਲਾਈ ਅਫਸਰ ਤਰਨ ਤਾਰਨ ਡਾ ਤੇਜਬੀਰ ਸਿੰਘ ਭੰਗੂ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਖੇਤੀਬਾੜੀ ਅਫਸਰ ਡਾ ਭੁਪਿੰਦਰ ਸਿੰਘ ਜੀ ਦੀ ਅਗਵਾਈ ਹੇਠ ਆਈਈਸੀ ਐਕਟੀਵਟੀ ਅਧੀਨ ਕਿਸਾਨ ਸਿਖਲਾਈ ਕੈਂਪ ਪਿੰਡ- ਅਲੀਆਂ ਬਲਾਕ - ਖਡੂਰ ਸਾਹਿਬ ਵਿਖੇ ਲਗਾਇਆ ਗਿਆ। ਇਸ ਮੌਕੇ ਸ੍ਰੀ ਸਿਮਰਨਜੀਤ ਸਿੰਘ ਖੇਤੀਬਾੜੀ ਸਬ- ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ-ਕੀੜੇ ਮਰ ਜਾਂਦੇ ਹਨ ਅਤੇ ਜਮੀਨ ਦੀ






ਉਪਜਾਊ ਸ਼ਕਤੀ ਘੱਟ ਜਾਂਦੀ ਹੈ। ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏ ਨਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ। ਇੱਕ ਟਨ ਪਰਾਲੀ ਨੂੰ ਅੱਗ ਲਾਉਣ ਨਾਲ 400 ਕਿਲੋ ਜੈਵਿਕ ਕਾਰਬਨ 5.5 ਕਿਲੋ ਨਾਈਟ੍ਰੋਜਨ, 2•3 ਕਿਲੋ ਫਾਸਫੋਰਸ , 25 ਕਿਲੋ ਪੋਟਾਸ਼ ਅਤੇ 1.2 ਕਿਲੋ ਸਲਫ਼ਰ ਦਾ ਨੁਕਸਾਨ ਹੁੰਦਾ ਹੈ। ਇਸ ਮੌਕੇ ਸਿਮਰਨਜੀਤ ਸਿੰਘ ਨੇ ਕਣਕ ਦੀ ਫਸਲ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਅਤੇ ਕਣਕ ਦੀ ਫ਼ਸਲ ਉੱਪਰ ਚੱਲ ਰਹੀਆਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਖੇਤੀਬਾੜੀ ਮਹਿਕਮੇ ਵਿੱਚ ਚੱਲ ਰਹੀਆਂ ਵੱਖ -ਵੱਖ ਸਕੀਮਾਂ ਬਾਰੇ ਦੱਸਿਆ ਜਿਵੇਂ ਕਿ ਕਿਸਾਨਾਂ ਨੂੰ 50% ਸਬਸਿਡੀ ਤੇ ਆਈ ਜਿਪਸਮ ਬਾਰੇ ਜਾਣਕਾਰੀ ਮੁਹਈਆ ਕਰਵਾਈ । ਇਸ ਮੌਕੇ ਸ੍ਰੀ ਸਤਨਾਮ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਪੀ ਐਮ ਕਿਸਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਗੁਰਮੁੱਖ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਸਿੰਘ, ਪਲਵਿੰਦਰ ਸਿੰਘ,ਬਲਦੇਵ ਸਿੰਘ, ਸਤਨਾਮ ਸਿੰਘ, ਜਗਤਾਰ ਸਿੰਘ, ਚਰਨਜੀਤ ਬੇਲਦਾਰ, ਬਲਵਿੰਦਰ ਸਿੰਘ ਬੇਲਦਾਰ ਆਦਿ ਹਾਜ਼ਰ ਸਨ।

# ਮਨਨ ਵੋਹਰਾ ਦੀ ਤੂਫਾਨੀ ਪਾਰੀ ਨਾਲ ਬਰਾਰ ਸੁਪਰ ਕਿੰਗਜ਼ ਫਾਈਨਲ ਵਿੱਚ, ਕੇਜੀਐਫ ਨਾਲ ਹੋਵੇਗਾ ਖਿਤਾਬੀ ਮੁਕਾਬਲਾ

ਅੰਮ੍ਰਿਤਸਰ, 16 ਅਪ੍ਰੈਲ (ਪ ਪ) ਯੂਟੀਸੀਏ ਦੇ ਸਟਾਰ ਬੱਲੇਬਾਜ਼ ਮਨਨ ਵੋਹਰਾ ਨੇ ਸ਼ਾਨਦਾਰ ਕਪਤਾਨੀ ਕਰਦਿਆਂ ਸਿਰਫ਼ 30 ਗੇਂਦਾਂ ਵਿੱਚ 66 ਰਨਾਂ ਦੀ ਧਮਾਕੇਦਾਰ ਪਾਰੀ ਖੇਡੀ, ਜਿਸ ਨਾਲ ਬਰਾਰ ਸੁਪਰ ਕਿੰਗਜ਼ ਨੇ ਰਿਸ਼ੀ ਬਰਦਰਜ਼ ਟੀ20 ਟੂਰਨਾਮੈਂਟ ਸੀਜ਼ਨ 4 ਦੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ। ਹੁਣ ਖਿਤਾਬੀ ਮੁਕਾਬਲੇ ਵਿੱਚ ਉਹਨਾਂ ਦਾ ਸਾਹਮਣਾ ਮਜ਼ਬੂਤ ਕੇਜੀਐਫ ਟੀਮ ਨਾਲ ਇੰਦਰਜੀਤ ਕ੍ਰਿਕਟ ਅਕੈਡਮੀ, ਡੇਰਾਬੱਸੀ ਵਿੱਚ ਹੋਵੇਗਾ।ਪਹਿਲੇ ਸੈਮੀਫਾਈਨਲ ਵਿੱਚ ਬਰਾਰ ਸੁਪਰ ਕਿੰਗਜ਼ ਨੇ ਬੀ11




ਕ੍ਰਿਕਟ ਕਲੱਬ ਨੂੰ 40 ਰਨਾਂ ਨਾਲ ਹਰਾਇਆ। ਪਹਿਲਾਂ ਬੱਲੇਬਾਜ਼ੀ ਕਰਦਿਆਂ ਟੀਮ ਨੇ 20 ਓਵਰਾਂ ਵਿੱਚ 6 ਵਿਕਟਾਂ 'ਤੇ 283 ਰਨਾਂ ਦਾ ਵਿਸ਼ਾਲ ਸਕੋਰ ਬਣਾਇਆ। ਵੋਹਰਾ ਤੋਂ ਇਲਾਵਾ ਲਵਪ੍ਰੀਤ ਬਰਾਰ ਨੇ 30 ਗੇਂਦਾਂ ਵਿੱਚ 64 ਰਨ ਬਣਾਏ, ਜਦਕਿ ਸਾਹਿਲ ਲਖਲਾਨ ਨੇ ਸਿਰਫ਼ 11 ਗੇਂਦਾਂ ਵਿੱਚ 44 ਰਨਾਂ ਦੀ ਤੇਜ਼ ਸ਼ੁਰੂਆਤ ਦਿੱਤੀ। ਸਨੀ ਸਿੰਘ ਨੇ ਨਾਬਾਦ 43 ਰਨਾਂ ਦਾ ਯੋਗਦਾਨ ਦਿੱਤਾ। ਟਾਰਗਟ ਦਾ ਪਿੱਛਾ ਕਰਦਿਆਂ ਬੀ11 ਕ੍ਰਿਕਟ ਕਲੱਬ ਨੇ ਵੀ ਸ਼ਾਨਦਾਰ ਲੜਾਈ ਕੀਤੀ। ਵਿਜਨ ਪੰਚਾਲ ਨੇ 101 ਰਨਾਂ ਦੀ ਬਿਹਤਰੀਨ ਪਾਰੀ ਖੇਡੀ ਅਤੇ ਜੀ ਸਿੰਘ ਨੇ ਨਾਬਾਦ 81 ਰਨ ਬਣਾਏ, ਪਰ ਟੀਮ 7 ਵਿਕਟਾਂ 'ਤੇ 243 ਰਨਾਂ ਤੱਕ ਹੀ ਪਹੁੰਚ ਸਕੀ।ਦੂਜੇ ਸੈਮੀਫਾਈਨਲ ਵਿੱਚ ਕੇਜੀਐਫ ਨੇ ਡਿਸਕਵਰੀ ਸਪੋਰਟਸ ਨੂੰ 119 ਰਨਾਂ ਨਾਲ ਕਰਾਰੀ ਹਾਰ ਦਿੱਤੀ। ਪਹਿਲਾਂ ਬੱਲੇਬਾਜ਼ੀ ਕਰਦਿਆਂ ਕੇਜੀਐਫ ਨੇ 8 ਵਿਕਟਾਂ 'ਤੇ 310 ਰਨਾਂ ਦਾ ਵੱਡਾ ਸਕੋਰ ਖੜ੍ਹਾ ਕੀਤਾ। ਹਰਿਆਣਾ ਰਣਜੀ ਟੀਮ ਦੇ ਸਟਾਰ ਅੰਕਿਤ ਕੁਮਾਰ ਨੇ 36 ਗੇਂਦਾਂ ਵਿੱਚ 117 ਰਨਾਂ ਦੀ ਧਮਾਕੇਦਾਰ ਪਾਰੀ ਖੇਡੀ, ਜਦਕਿ ਸੂਰਜ ਪੰਚਾਲ ਨੇ 25 ਗੇਂਦਾਂ ਵਿੱਚ 70 ਰਨ ਬਣਾਏ। 311 ਰਨਾਂ ਦੇ ਟਾਰਗਟ ਦਾ ਪਿੱਛਾ ਕਰਦਿਆਂ ਡਿਸਕਵਰੀ ਸਪੋਰਟਸ ਦੀ ਟੀਮ ਨਿਪੁਣ ਸ਼ਾਰਦਾ ਦੇ 103 ਰਨਾਂ ਦੇ ਬਾਵਜੂਦ 14.2 ਓਵਰਾਂ ਵਿੱਚ 191 ਰਨਾਂ 'ਤੇ ਆਊਟ ਹੋ ਗਈ।

# ਭਗਵਾਨ ਸ੍ਰੀ ਕ੍ਰਿਸ਼ਨ ਮਹਾਰਾਜ ਦੀਆਂ ਸਿੱਖਿਆਵਾਂ ਜੀਵਨ ਲਈ ਉਪਯੋਗੀ ਹਨ: ਡਾ. ਸਾਗਰ ਮੁਨੀ ਸ਼ਾਸਤਰੀ

ਅੰਮ੍ਰਿਤਸਰ, 16 ਅਪ੍ਰੈਲ (ਪ ਪ) ਜੈ ਕ੍ਰਿਸ਼ਨ ਸੰਪਰਦਾਇ ਭਗਵਾਨ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਸਮਰਪਿਤ ਇੱਕ ਸੰਪਰਦਾਇ ਹੈ। ਅਧਿਆਤਮਿਕ ਕੇਂਦਰ ਮੰਦਰ ਸ਼੍ਰੀ ਜੈ ਕ੍ਰਿਸ਼ਨੀਆ ਦੀ ਅਗਵਾਈ ਹੇਠ ਸ਼੍ਰੀ ਕ੍ਰਿਸ਼ਨ ਗੀਤਾ ਗਿਆਨ ਮੰਦਰ ਵਿਖੇ ਪੰਚਵਤਾਰ ਉਤਸਵ ਮਨਾਇਆ ਗਿਆ। ਕਪੂਰਥਲਾ ਤੋਂ ਗੁਰੂਵਰਿਆ ਮਹੰਤ ਸ਼੍ਰੀ ਯਸ਼ ਰਾਜ ਸ਼ਾਸਤਰੀ ਨੇ ਮੁੱਖ ਬੁਲਾਰੇ ਵਜੋਂ ਇਸ ਸਮਾਗਮ ਦੀ ਸ਼ੋਭਾ ਵਧਾਈ। ਜੈ ਕ੍ਰਿਸ਼ਨ ਪਰੰਪਰਾ ਦੇ ਅਨੁਸਾਰ, ਭਗਵਾਨ ਕ੍ਰਿਸ਼ਨ ਮਹਾਰਾਜ ਨੂੰ ਬਾਰਾਂ ਪਲੇਟਾਂ ਭੇਟ ਕੀਤੀਆਂ ਗਈਆਂ ਕੁਮਾਰ ਸਮਾਧਨ ਨੇ ਸੰਕੀਰਤਨ ਦੌਰਾਨ "ਸੋਨੇ ਸੋਨੇ ਠਾਕਰੇ ਦੀ ਬੱਲੇ ਬੱਲੇ" ਭਜਨ ਗਾਇਆ, ਜਿਸ ਨੇ ਸ਼ਰਧਾਲੂਆਂ ਨੂੰ ਮੋਹਿਤ ਕਰ



ਦਿੱਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ, ਡਾ. ਸਾਗਰ ਮੁਨੀ ਸ਼ਾਸਤਰੀ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਗਿਆਨ ਸੈਸ਼ਨ, ਸੰਕੀਰਤਨ, ਤੋਹਫ਼ੇ ਦੀਆਂ ਰਸਮਾਂ, ਸਨਮਾਨ ਅਤੇ ਠਾਕੁਰ ਜੀ ਲਈ ਪਵਿੱਤਰ ਇਸ਼ਨਾਨ ਸ਼ਾਮਲ ਸੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਸ਼ਾਸਤਰੀ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਮਹਾਰਾਜ ਦੇ ਸਿਧਾਂਤ ਜੀਵਨ ਵਿੱਚ ਉਪਯੋਗੀ ਹਨ, ਇਸ ਲਈ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਗੀਤਾ ਦਾ ਅਧਿਐਨ ਕਰਨਾ ਚਾਹੀਦਾ ਹੈ, ਅਤੇ ਨੌਜਵਾਨਾਂ ਨੂੰ ਸਤਸੰਗਾਂ ਅਤੇ ਧਾਰਮਿਕ ਇਕੱਠਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਮਹੰਤ ਸੰਤ ਰਾਜ ਪਾਲੀਮਕਰ, ਮਹੰਤ ਕ੍ਰਿਸ਼ਨ ਰਾਜ ਬਾਬਾ, ਗੁਲਸ਼ਨ ਸ਼ਰਮਾ, ਗੀਤਾ ਸ਼ਰਮਾ, ਪਾਰਲ ਸ਼ਰਮਾ, ਸੋਨਿਕਾ ਸ਼ਰਮਾ, ਸਿਧਾਂਤ, ਨਿਤੀਸ਼, ਨਰਿੰਦਰ ਸ਼ਰਮਾ ਆਦਿ ਸੰਤ-ਮਹਾਂਪੁਰਸ਼ ਹਾਜ਼ਰ ਸਨ।